ਪ੍ਰੈੱਸ ਰਿਲੀਜ਼

# ਆਪੰਗਤਾਵਾਂ ਵਾਲੇ ਐਲਬਰਟਾ ਨਿਵਾਸੀਆਂ ਨੂੰ ਕੰਮਕਾਰੀ ਲੋਕਾਂ ਵਿਚ ਸ਼ਾਮਲ ਕਰਨ ‘ਚ ਮਦਦ ਕਰਨਾਂ

26 ਅਕਤੂਬਰ 2023 ਮੀਡੀਆ ਇੰਕੁਆਰੀਆਂ

## ਐਲਬਰਟਾ ਸਰਕਾਰ ਆਪੰਗਤਾਵਾਂ ਵਾਲੇ ਹੋਰ ਵਧੇਰੇ ਐਲਬਰਟਾ ਨਿਵਾਸੀਆਂ ਨੂੰ ਰੁਜ਼ਗਾਰ ਵਾਸਤੇ ਸਹਾਇਤਾ ਤੱਕ ਪਹੁੰਚ ਕਰਨ ਵਿਚ ਮਦਦ ਕਰਨ ਲਈ 10 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕਰ ਰਹੀ ਹੈ।

ਆਪੰਗਤਾਵਾਂ ਵਾਲੇ ਐਲਬਰਟਾ ਨਿਵਾਸੀ ਐਲਬਰਟਾ ਦੇ ਕੰਮਕਾਰੀ ਲੋਕਾਂ ਦਾ ਜ਼ਰੂਰੀ ਹਿੱਸਾ ਹਨ। ਵਧੇਰੇ ਸਹਾਇਤਾ ਦੀ ਲੋੜ ਨੂੰ ਪਛਾਣਦਿਆਂ ਹੋਇਆਂ ਐਲਬਰਟਾ ਸਰਕਾਰ ਨੇ ਸੂਬੇ ਭਰ ਦੇ ਕਮਿਊਨਿਟੀ ਭਾਈਵਾਲਾਂ ਨੂੰ ਆਪੰਗਤਾਵਾਂ ਸਹਿਤ ਜੀ ਰਹੇ ਐਲਬਰਟਾ ਨਿਵਾਸੀਆਂ ਦੀਆਂ  ਵਿਲੱਖਣ ਪ੍ਰਕਾਰ ਦੀਆਂ ਲੋੜਾਂ ਨਾਲ ਨਿਪਟਣ ਲਈ ਪ੍ਰਸਤਾਵ ਦੇਣ ਲਈ ਆਖਿਆ ਹੈ। ਇੰਨ੍ਹਾਂ ਭਾਈਵਾਲੀਆਂ ਦੁਆਰਾ, ਆਪੰਗਤਾਵਾਂ ਵਾਲੇ ਵਿਅਕਤੀਆਂ ਨੂੰ ਨਵੇਂ ਹੁਨਰ ਪ੍ਰਾਪਤ ਕਰਨ ਅਤੇ ਕੰਮਕਾਰੀ ਲੋਕਾਂ ਵਿਚ ਮੁੜ ਸ਼ਾਮਲ ਹੋ ਸਕਣ ਲਈ ਵਧੇਰੇ ਸਾਧਨ ਅਤੇ ਸਰੋਤ ਮੁਹੱਈਆ ਕਰਨ ਲਈ 10 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਕੀਤਾ ਜਾ ਰਿਹਾ ਹੈ।

“ਹਰ ਇਕ ਨੂੰ ਬਗੈਰ ਉਹ ਰੁਕਾਵਟਾਂ ਧਿਆਨ ‘ਚ ਲਿਆਉਂਦਿਆਂ ਜੋ ਉਨ੍ਹਾਂ ਨੂੰ ਦਰਪੇਸ਼ ਹੋਣ, ਮੁੱਲਵਾਨ ਹੁਨਰ ਸਿੱਖਣ, ਦਿਲਚਸਪੀਆਂ ਖੋਜਣ ਅਤੇ ਆਪਣੀਆਂ ਕਮਿਊਨਿਟੀਆਂ ‘ਚ ਅਰਥਪੂਰਨ ਕੰਮ ਲੱਭ ਸਕਣ  ਦੇ ਮੌਕੇ ਪ੍ਰਾਪਤ ਹੋਣੇ ਚਾਹੀਦੇ ਹਨ। ਇਹ ਪੂੰਜੀ-ਨਿਵੇਸ਼ ਕੇਵਲ ਆਪੰਗਤਾਵਾਂ ਵਾਲੇ ਹੋਰ ਵਧੇਰੇ ਲੋਕਾਂ ਨੂੰ ਕੰਮ ਲੱਭਣ ‘ਚ ਮਦਦ ਹੀ ਨਹੀਂ ਕਰੇਗਾ, ਸਗੋਂ ਐਲਬਰਟਾ ਵਿਚ ਵਧੇਰੇ ਸੰਮਿਲਤ, ਵਿਭਿੰਨ ਅਤੇ ਪਹੁੰਚਯੋਗ ਕੰਮਕਾਰ ਦੀਆਂ ਥਾਵਾਂ ਪੈਦਾ ਕਰਨ ਦੇ ਕੀਤੇ ਜਾਣ ਵਾਲੇ ਮਹੱਤਵਪੂਰਨ ਕੰਮ ਵਿਚ ਵਾਧਾ ਕਰਨਾਂ ਵੀ ਜਾਰੀ ਰੱਖੇਗਾ।”

*Jason Nixon, ਮਿਨਿਸਟਰ ਆਫ ਸੀਨੀਅਰਜ਼ ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼*

ਇਹ ਪ੍ਰਾਜੈਕਟ ਆਪੰਗਤਾਵਾਂ ਸਹਿਤ ਜੀ ਰਹੇ ਐਲਬਰਟਾ ਨਿਵਾਸੀਆਂ ਲਈ ਮਿਥੀਆਂ ਗਈਆਂ ਰੋਜ਼ਗਾਰ ਸੇਵਾਵਾਂ ਵੀ ਮੁਹੱਈਆ ਕਰਨਗੇ। ਫੰਡਿੰਗ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਸੂਬੇ ਭਰ ਵਿਚ ਆਪੰਗਤਾਵਾਂ ਵਾਲੇ ਵਰਕਰਾਂ ਨੂੰ ਭਰਤੀ ਕਰਨ ਅਤੇ

Classification: Public

ਬਣਾਈ ਰੱਖਣ ਲਈ ਅਤੇ ਭਰਤੀ ਕਰਨ ਦੇ ਸੰਮਿਲਤ ਪ੍ਰਕਾਰ ਦੇ ਅਭਿਆਸਾਂ ਨੂੰ ਬੜ੍ਹਾਵਾ ਦੇਣ ਲਈ ਐਂਪਲਾਇਰਾਂ ਨਾਲ ਭਾਈਵਾਲੀਆਂ ਕਰਨਗੀਆਂ।

"ਜਦੋਂ ਜਦੋਂ ਡਿਸਏਬਿਲਿਟੀ ਐਂਪਲਾਇਮੈਂਟ ਅਵੇਰਅਰਨੈੱਸ ਮੰਥ ਖਤਮ ਹੋਣ ਨੂੰ ਆਉਂਦਾ ਹੈ, ਅਸੀਂ ਐਲਬਰਟਾ ਸਰਕਾਰ ਅਤੇ ਆਪੰਗਤਾਵਾਂ ਵਾਲੇ ਐਲਬਰਟਾ ਨਿਵਾਸੀਆਂ ਨਾਲ, ਸਾਡੇ ਕੰਮਕਾਰੀ ਲੋਕਾਂ ਵਿਚ ਉਨ੍ਹਾਂ ਦੇ ਵਿਸ਼ਾਲ ਮੁੱਲ ਅਤੇ ਅਣਖੋਜੀਆਂ ਸੰਭਾਵਨਾਵਾਂ ਨੂੰ ਮਾਨਤਾ ਦਿੰਦਿਆਂ, ਮਾਣ ਸਹਿਤ ਖੜੇ ਹਾਂ। ਵਿਭਿੰਨਤਾ ਅਤੇ ਸੰਮਿਲਨ ਨਾਲ ਸਾਡੀ ਪ੍ਰਤਿਬਧਤਾ ਇਸ ਮਹੀਨੇ ਤੋਂ ਪਾਰ ਜਾਂਦੀ ਹੈ, ਜਦੋਂ ਕਿ ਅਸੀਂ ਵਧੇਰੇ ਸੰਮਿਲਤ ਅਤੇ ਪਹੁੰਚਯੋਗ ਰੋਜ਼ਗਾਰੀ ਲੈਂਡਸਕੇਪ ਉਸਾਰਨ ਲਈ ਸਾਲ ਭਰ ਅਣਥੱਕ ਮਿਹਨਤ ਨਾਲ ਕੰਮ ਕਰਦੇ ਹਾਂ। ਐਲਬਰਟਾ ਸਰਕਾਰ ਵੱਲੋਂ ਮੁਹੱਈਆ ਜ਼ਰੂਰੀ ਫੰਡਿੰਗ ਦੁਆਰਾ, ਅਸੀਂ ਸਰੀਰਕ ਵਿਕਾਸ ਦੀਆਂ ਆਪੰਗਤਾਵਾਂ ਵਾਲੇ ਲੋਕਾਂ ਨੂੰ ਲੋੜੀਂਦੇ ਸਹਾਇਤਾ ਪ੍ਰਬੰਧ ਸਹਿਤ ਕੰਮਕਾਰ ਵਾਲੀਆਂ ਥਾਵਾਂ ਉਪਰ ਪ੍ਰਫੁਲਤ ਹੋਣ ਵਾਸਤੇ ਸਸ਼ਕਤ ਕਰ ਰਹੇ ਹਾਂ। ਉਨ੍ਹਾਂ ਦੀ ਦੇਣ ਕੇਵਲ ਸਾਡੇ ਬਿਜ਼ਨਸਾਂ ਨੂੰ ਅਮੀਰ ਹੀ ਨਹੀਂ ਬਣਾਉਂਦੀ ਸਗੋਂ ਸਾਰਿਆਂ ਲਈ ਇਕ ਵਧੇਰੇ ਮਜ਼ਬੂਤ, ਜੀਵੰਤ ਪ੍ਰਕਾਰ ਦਾ ਐਲਬਰਟਾ ਵੀ ਸਿਰਜਦੀ ਹੈ।"

*Kevin McNichol, ਸੀ ਈ ਓ, ਪ੍ਰਾਸਪੈਕਟ ਹਿਊਮਨ ਸਰਵਿਸਿਜ਼*

"ਡਿਸਏਬਿਲਿਟੀ ਐਂਪਲਾਇਮੈਂਟ ਅਵੇਰਅਰਨੈੱਸ ਮੰਥ ਰੁਜ਼ਗਾਰਾਂ ਵਿਚ ਆਪੰਗਤਾਵਾਂ ਵਾਲਿਆਂ ਨੂੰ ਸ਼ਾਮਲ ਕਰਨ ਦੇ ਖੇਤਰ ਵਿੱਚ ਸਾਲ ਭਰ ਹੋਣ ਵਾਲੇ ਕੰਮ ਨੂੰ ਉਜਾਗਰ ਕਰਨ ਦਾ ਇੱਕ ਮੌਕਾ ਪ੍ਰਦਾਨ ਕਰਦਾ ਹੈ। ਆਪੰਗਤਾਵਾਂ ਵਾਲੇ ਐਲਬਰਟਾ ਨਿਵਾਸੀ ਇੱਕ ਅਨਮੋਲ ਪ੍ਰਤਿਭਾ ਪੂਲ ਹਨ, ਜਿਨ੍ਹਾਂ ਦੇ ਕਾਰਜ ਸਥਾਨ ਸੱਭਿਆਚਾਰ 'ਚ ਯੋਗਦਾਨ ਅਤੇ ਪ੍ਰਭਾਵ ਐਲਬਰਟਾ ਦੇ ਕਾਰੋਬਾਰਾਂ ਨੂੰ ਮਜ਼ਬੂਤ ਕਰਦਾ ਹੈ।"
*Sahana Parameswara, ਐਗਜ਼ੈਕੁਟਿਵ ਡਾਇਰੈਕਟਰ, ਗੇਟਵੇਅ ਐਸੋਸੀਏਸ਼ਨ*

ਇਹ ਪੂੰਜੀ-ਨਿਵੇਸ਼ ਆਪੰਗਤਾਵਾਂ ਵਾਲੇ ਐਲਬਰਟਾ ਨਿਵਾਸੀਆਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਵਚਨਬੱਧਤਾ ਦੇ ਪਲੇਟਫਾਰਮ ਦਾ ਹਿੱਸਾ ਹਨ। ਐਲਬਰਟਾ ਸਰਕਾਰ ਇੰਨ੍ਹਾਂ ਭਾਈਵਾਲੀਆਂ 'ਤੇ ਸਿਰਜਨਾਂ ਕਰਨ, ਕੰਮ ਵਾਲੀਆਂ ਥਾਵਾਂ 'ਚ ਆਪੰਗਤਾਵਾਂ ਬਾਰੇ ਮਿੱਥਾਂ ਅਤੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਦੂਰ ਕਰਨਾਂ ਜਾਰੀ ਰੱਖਣ ਅਤੇ ਐਲਬਰਟਾ ਦੇ ਕੰਮਕਾਰੀ ਲੋਕਾਂ ਅਤੇ ਆਰਥਿਕਤਾ ਅੰਦਰ ਇੱਕ ਸਕਾਰਾਤਮਕ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਪ੍ਰਤਿਬਧ ਹੈ।

# ਫੌਰੀ ਤੱਥ

- 10 ਮਿਲੀਅਨ ਡਾਲਰ ਦੀ ਫੰਡਿੰਗ ਦੀ ਅਲਾਟਮੈਂਟ:
  - ਪ੍ਰਾਸਪੈਕਟ ਹਿਊਮਨ ਸਰਵਿਸਿਜ਼ - 873,255 ਡਾਲਰ
  - ਵੇਕੋਵਾ - 672,590 ਡਾਲਰ
  - ਗੇਟਵੇਅ ਐਸੋਸੀਏਸ਼ਨ - 1,117,926 ਡਾਲਰ
  - ਸੈਂਟਰ ਫਾਰ ਨਿਊਕਮਰਜ਼ - 1,117,926 ਡਾਲਰ

- ਡਬਲਿਯੂ ਸੀ ਜੀ ਸੇਵਾਵਾਂ - 2,146,289 ਡਾਲਰ
- ਕੈਲਗਰੀ ਕੈਥੋਲਿਕ ਇਮੀਗ੍ਰੇਸ਼ਨ ਸੁਸਾਇਟੀ - 703,854 ਡਾਲਰ
- ਗੁੱਡਵਿੱਲ ਔਪਰਚਿਊਨਿਟੀ ਐਕਸੈਲਰੇਟਰ ਪ੍ਰੋਗਰਾਮ - 1,609,490 ਡਾਲਰ
- ਗੁੱਡਵਿੱਲ ਇੰਡਸਟਰੀਜ਼ - $1 ਮਿਲੀਅਨ
- ਸੀ ਬੀ ਆਈ - 1,050,800 ਡਾਲਰ
- ਇੰਨਕਲੂਜ਼ਨ ਫੁੱਟਹਿਲਜ਼ ਐਸੋਸੀਏਸ਼ਨ - 483,500 ਡਾਲਰ

## ਮੀਡੀਆ ਇੰਕੁਆਰੀਆਂ


### Heather Barlow

780-245-0421
ਪ੍ਰੈੱਸ ਸੈਕਰੇਟਰੀ, ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼